**International Journal of Research in Social Sciences**
**Vol. 9, Issue 1, January - 2019,**
ISSN: 2249-2496 Impact Factor: 7.081
Journal Homepage: http://www.ijmra.us, Email: editorijmie@gmail.com
Double-Blind Peer Reviewed Refereed Open Access International Journal - Included in the International Serial Directories Indexed & Listed at: Ulrich's Periodicals Directory ©, U.S.A., Open J-Gate as well as in Cabell’s Directories of Publishing Opportunities, U.S.A

# ਪੰਡਿਤ ਰਾਮਾਬਾਈ

## (Pandita Ramabai)

**ਵੀਰਪਾਲ ਸਿੰਘ**

**ਸਹਾਇਕ ਪ੍ਰੋਫ਼ੈਸਰ**

**ਪੋਸਟ ਗ੍ਰੈਜੂਏਟ ਰਾਜਨੀਤੀ ਵਿਗਿਆਨ ਵਿਭਾਗ**

**ਸ੍ਰੀ ਗੁਰੂ ਤੇਗ਼ ਬਹਾਦਰ ਖ਼ਾਲਸਾ ਕਾਲਜ਼**

**ਸ੍ਰੀ ਅਨੰਦਪੁਰ ਸਾਹਿਬ।**

ਪੰਡਿਤ ਰਮਾਬਾਈ ਸਰਸਵਤੀ ਇੱਕ ਭਾਰਤੀ ਸਮਾਜ ਸਾਧਾਰ ਕ ਇਸਤਰੀ ਸੀ। ਉਸ ਨੇ ਇਸਤਰੀਆਂ ਦੇ ਉਥਾਨ ਲਈ ਅਤੇ ਸਿੱਖਿਆ ਦੇ ਖੇਤਰ ਵਿੱਚ ਮਹੱਤਵਪੂਰਨ ਕੰਮ ਕੀਤੇ । ਉਹ ਭਾਰਤ ਦੀ ਪਹਿਲੀ ਔਰਤ ਸੀ ਜਿਸ ਨੂੰ ਸੰਸਕ੍ਰਿਤ ਵਿਦਵਾਨ ਦੇ ਤੌਰ ’ਤੇ ਪੰਡਿਤ ਦਾ ਦਰਜਾ ਦਿੱਤਾ ਗਿਆ। ਕਲਕੱਤਾ ਯੂਨੀਵਰਸਿਟੀ ਵਿੱਚ ਪ੍ਰੀਖਿਆ ਤੋਂ ਬਾਅਦ ਉਸ ਨੂੰ ਸਰਸਵਤੀ ਦਾ ਦਰਜਾ ਦਿੱਤਾ ਗਿਆ। ਉਹ 1990 ਵਿੱਚ ਹੋਏ ਕਾਂਗਰਸ ਦੇ ਸੰਮੇਲਨ ਵਿੱਚ ਉਨ੍ਹਾਂ ਦੱਸ ਇਸਤਰੀਆਂ ਵਿੱਚ ਸ਼ਾਮਲ ਸੀ ਜਿਨ੍ਹਾਂ ਨੇ ਇਸ ਵਿੱਚ ਹਿੱਸਾ ਲਿਆ ਸੀ। 1990 ਵਿੱਚ ਉਸ ਨੇ ਪੁਣੇ ਦੇ ਪੂਰਬ ਵਿੱਚ ਸਥਿਤ ਖੇਡਗਾਓਂ ਵਿਖੇ ਮੁਕਤੀ ਮਿਸ਼ਨ ਦੀ ਸਥਾਪਨਾ ਕੀਤੀ । ਇਸ ਮਿਸ਼ਨ ਦਾ ਬਾਅਦ ਵਿੱਚ ਨਾਮ ਪੰਡਿਤ ਰਾਮਾਬਾਈ ਮੁਕਤੀ ਮਿਸ਼ਨ ਪੈ ਗਿਆ।

**ਜੀਵਨ ਅਤੇ ਸਿੱਖਿਆ (Life and Education):** ਪੰਡਤ ਰਾਮਾ ਬਾਈ ਸ਼ਾਸਤਰੀ ਦਾ ਜਨਮ **23 ਅਪ੍ਰੈਲ 1858 ਈਸਵੀ** ਨੂੰ ਹੋਇਆ। ਉਨ੍ਹਾਂ ਦਾ ਮੁੱਢਲਾ ਨਾਮ ਰਾਮਾ ਡੋਂਗਰੀ ਸੀ। ਉਨ੍ਹਾਂ ਦਾ ਜਨਮ ਇੱਕ ਮਰਾਠੀ ਬ੍ਰਾਹਮਣ ਪਰਿਵਾਰ ਵਿੱਚ ਹੋਇਆ ਸੀ ਪਰ ਬਾਅਦ ਵਿੱਚ ਉਨ੍ਹਾਂ ਨੇ ਈਸਾਈ ਧਰਮ ਨੂੰ ਇੰਗਲੈਂਡ ਵਿੱਚ ਅਪਣਾ ਲਿਆ ਸੀ। ਉਨ੍ਹਾਂ ਦੇ ਪਿਤਾ **ਅਨੰਤ ਸ਼ਾਸਤਰੀ**

**ਡੋਂਗਰੇ** ਇੱਕ ਸੰਸਕ੍ਰਿਤ ਦੇ ਵਿਦਵਾਨ ਸਨ, ਜਿਨ੍ਹਾਂ ਨੇ ਉਨ੍ਹਾਂ ਨੂੰ ਘਰ ਵਿੱਚ ਹੀ ਸੰਸਕ੍ਰਿਤ ਦੀ ਸਿੱਖਿਆ ਦਿੱਤੀ । ਰਾਮਾਬਾਈ ਨੇ ਸਿਰਫ਼ 16 ਸਾਲ ਦੀ ਉਮਰ ਵਿੱਚ ਆਪਣੇ **ਭਰਾ ਸ੍ਰੀਨਿਵਾਸਨ** ਨਾਲ ਮਿਲ ਕੇ ਪੂਰੇ ਭਾਰਤ ਵਿੱਚੋਂ ਸੰਸਕ੍ਰਿਤ ਸਾਹਿਤ ਨੂੰ ਇਕੱਠਾ ਕੀਤਾ। ਜਲਦ ਹੀ ਸੰਸਕ੍ਰਿਤਕ ਵਿਦਵਾਨ ਦੇ ਤੌਰ 'ਤੇ ਉਸ ਦੀ ਪ੍ਰਸਿੱਧੀ ਪੂਰੇ ਭਾਰਤ ਵਿੱਚ ਫੈਲ ਗਈ ਅਤੇ ਇਸ ਪ੍ਰਸਿੱਧੀ ਨੂੰ ਸੁਣਦੇ ਹੋਏ **ਕਲਕੱਤਾ ਯੂਨੀਵਰਸਿਟੀ** ਨੇ ਪੰਡਤ ਵਿਦਿਆਰਥੀਆਂ ਨੂੰ ਲੈਕਚਰ ਦੇਣ ਲਈ ਉਨ੍ਹਾਂ ਨੂੰ ਬੁਲਾਇਆ। **1978 ਈਸਵੀ** ਵਿੱਚ ਉਨ੍ਹਾਂ ਨੂੰ ਕਲਕੱਤਾ ਯੂਨੀਵਰਸਿਟੀ ਦੁਆਰਾ ਉਨ੍ਹਾਂ ਦੇ ਕੰਮਾਂ ਅਤੇ ਸੰਸਕ੍ਰਿਤ ਵਿੱਚ ਵਿਦਵਤਾ ਨੂੰ ਦੇਖਦੇ ਹੋਏ **ਪੰਡਿਤ ਅਤੇ ਸਰਸਵਤੀ** ਦਾ ਸਨਮਾਨ ਦਿੱਤਾ ਗਿਆ। **ਕੇਸ਼ਵ ਚੰਦ ਸੈਨ** ਨੇ ਉਨ੍ਹਾਂ ਨੂੰ ਸੰਵਾਦ ਦੀਆਂ ਕੁਝ ਕਿਤਾਬਾਂ ਦਿੱਤੀਆਂ ਅਤੇ ਉਨ੍ਹਾਂ ਦਾ ਗਿਆਨ ਹਾਸਲ ਕਰਨ ਨੂੰ ਕਿਹਾ । **1980** ਵਿੱਚ ਉਨ੍ਹਾਂ ਦੇ ਭਰਾ **ਸ੍ਰੀਨਿਵਾਸਨ** ਦੀ ਮੌਤ ਹੋ ਗਈ ਅਤੇ ਰਾਮਾਬਾਈ ਨੇ **ਬਿਪਨ ਬਿਹਾਰੀ ਮਾਧਵੀ** ਜੋ ਕਿ ਇੱਕ ਬੰਗਾਲੀ ਵਕੀਲ ਸਨ ਨਾਲ ਸਾਦਾ ਵਿਆਹ ਕਰ ਲਿਆ। ਇਹ ਇੱਕ ਅੰਤਰ-ਜਾਤੀ ਵਿਆਹ ਸੀ ਜੋ ਕਿ ਉਸ ਸਮੇਂ ਦੇ ਭਾਰਤੀ ਸਮਾਜ ਵਿੱਚ ਬਿਲਕੁਲ ਵੀ ਮੰਨਣਯੋਗ ਨਹੀਂ ਸੀ। ਇਹ ਵਿਆਹ ਇੱਕ ਸਾਦੇ ਸਮਾਰੋਹ ਵਿੱਚ **13 ਨਵੰਬਰ 1980** ਨੂੰ ਹੋਇਆ। ਇਸ ਵਿਆਹ ਤੋਂ ਉਨ੍ਹਾਂ ਦੇ **ਦੋ ਪੁੱਤਰੀਆਂ** ਹੋਈਆਂ ਜਿਨ੍ਹਾਂ ਦਾ ਨਾਮ **ਮਨੋਰਮਾ ਅਤੇ ਹਮਾਦਵੀ** ਸੀ। ਇਸ ਪਿੱਛੋਂ ਉਸ ਦੇ ਪਤੀ ਦੀ ਮੌਤ 1882 ਵਿੱਚ ਹੋ ਗਈ ਤੇ ਉਹ ਬਾਅਦ 'ਚ ਸਿਰਫ਼ ਤੇਈ ਸਾਲ ਦੀ ਉਮਰ ਵਿੱਚ ਪੁਣੇ ਆ ਗਈ ਅਤੇ ਉੱਥੇ ਆ ਕੇ ਉਸ ਨੇ ਔਰਤਾਂ ਨੂੰ ਸਿੱਖਿਅਤ ਕਰਨ ਦੇ ਲਈ ਇੱਕ ਸੰਸਥਾ ਦੀ ਸਥਾਪਨਾ ਕੀਤੀ।

ਪੰਡਤ ਰਾਮਾਬਾਈ ਕੋਈ ਰਾਜਨੀਤਿਕ ਵਿਚਾਰਕ ਨਹੀਂ ਸੀ ਨਾ ਹੀ ਉਨ੍ਹਾਂ ਦੇ ਵਿਚਾਰ ਸਾਨੂੰ ਸਿੱਧੇ ਤੌਰ 'ਤੇ ਰਾਜਨੀਤਿਕ ਮਿਲਦੇ ਹਨ, ਪਰ ਉਹ ਇੱਕ ਸਮਾਜ ਸੁਧਾਰਕ ਅਤੇ ਸਮਾਜ ਨੂੰ ਨਵੀਂ ਸੇਧ ਦੇਣ ਵਾਲੀ ਸੀ। ਉਨ੍ਹਾਂ ਨੇ ਆਪਣੇ ਕੰਮਾਂ ਦੁਆਰਾ ਨਾ ਕੇਵਲ ਭਾਰਤੀ ਔਰਤ ਨੂੰ ਮਾਣ ਮਹਿਸੂਸ ਕਰਵਾਇਆ ਸਗੋਂ ਨਾਲ ਹੀ ਉਸ ਨੇ ਔਰਤਾਂ ਦੇ ਦਰਜੇ ਨੂੰ ਉੱਚਾ ਚੁੱਕਣ ਲਈ ਵਿਸ਼ੇਸ਼ ਯਤਨ ਕੀਤੇ। ਉਨ੍ਹਾਂ ਦੇ ਵਿਚਾਰ ਸਾਨੂੰ ਉਨ੍ਹਾਂ ਦੇ ਜੀਵਨ ਅਤੇ ਉਨ੍ਹਾਂ ਦੁਆਰਾ ਲਿਖੀ ਗਈ ਇ ਕੋ-ਇਕਪੁਸਤਕ '**ਹਿੰਦੂ ਜਾਤੀ ਵਿੱਚ ਉੱਚ ਜਾਤੀ ਦੀਆਂ ਔਰਤਾਂ** ' ਤੋਂ ਮਿਲਦੇ ਹਨ। ਉਨ੍ਹਾਂ ਦੁਆਰਾ ਦਿੱਤੇ ਗਏ ਵਿਚਾਰਾਂ ਨੂੰ ਹੇਠ ਲਿਖੇ ਅਨੁਸਾਰ ਲਿਖਿਆ ਜਾ ਸਕਦਾ ਹੈ :

1. **ਸਿੱਖਿਆ ਦੇ ਖੇਤਰ ਵਿੱਚ ਸੁਧਾਰ (Improvements in education):** ਪੰਡਿਤ ਰਾਮਾ ਬਾਈ ਨੇ ਸਿੱਖਿਆ ਦੇ ਖੇਤਰ ਵਿੱਚ ਮਹੱਤਵਪੂਰਨ ਸੁਧਾਰ ਕੀਤੇ। ਉਸ ਨੇ ਇਸ ਖੇਤਰ ਵਿੱਚ ਮਹੱਤਵਪੂਰਨ ਕੰਮਾਂ ਲਈ ਜਿਹੜਾ

ਕਮਿਸ਼ਨ ਸਰਕਾਰ ਦੁਆਰਾ ਬਣਾਇਆ ਗਿਆ ਸੀ ਉਸ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾਈ । ਉਨ੍ਹਾਂ ਅਨੁਸਾਰ ਭਾਰਤ ਦੀ ਸਿੱਖਿਆ ਪ੍ਰਣਾਲੀ ਮਰਦ ਪ੍ਰਧਾਨ ਹੈ। ਇਸ ਲਈ ਔਰਤਾਂ ਨੂੰ ਬਰਾਬਰ ਦੀ ਸਿੱਖਿਆ ਦਿੱਤੀ ਜਾਣੀ ਚਾਹੀਦੀ ਹੈ ਤਾਂ ਜੋ ਉਹ ਆਪਣੇ ਜੀਵਨ ਨਿਰਬਾਹ ਦੇ ਲਈ ਯਤਨ ਕਰ ਸਕਣ ਅਤੇ ਉੱਚ ਜੀਵਨ ਜੀ ਅ ਸਕਣ। ਉਨ੍ਹਾਂ ਅਨੁਸਾਰ ਸਿੱਖਿਆ ਹਾਸਲ ਕਰਨਾ ਹਰ ਇਕ ਵਿਅਕਤੀ ਦਾ ਮੁੱਢਲਾ ਹੱਕ ਹੈ।

2. **ਗਿਆਨ ਹਾਸਲ ਕਰਨ ਲਈ ਵੱਖ-ਵੱਖ ਭਾਸ਼ਾਵਾਂਦੀ ਜਾਣਕਾਰੀ ਹੋਣਾ ਜ਼ਰੂਰੀ (Knowledge of different languages is essential for acquiring knowledge):** ਉਨ੍ਹਾਂ ਅਨੁਸਾਰ ਸੱਚਾ ਗਿਆਨ ਹਾਸਲ ਕਰਨ ਦੇ ਲਈ ਵੱਖ -ਵੱਖ ਭਾਸ਼ਾਵਾਂ ਦਾ ਗਿਆਨ ਹੋਣਾ ਜ਼ਰੂਰੀ ਹੈ । ਰਾਮਾਬਾਈ ਨੂੰ ਆਪ ਸੱਤ ਭਾਸ਼ਾਵਾਂ ਦਾ ਗਿਆਨ ਹਾਸਲ ਸੀ। ਉਨ੍ਹਾਂ ਨੇ ਬਾਈਬਲ ਦਾ ਮਰਾਠੀ ਦੇ ਵਿੱਚ ਵੀ ਅਨੁਵਾਦ ਕੀਤਾ ਸੀ । ਉਨ੍ਹਾਂ ਨੇ ਆਪਣੀ ਪਹਿਲੀ ਪੁਸਤਕ ਵੀ ਇੰਗਲਿਸ਼ ਦੇ ਵਿੱਚ ਲਿਖੀ ਸੀ , ਜਿਸ ਨੂੰ ਉਨ੍ਹਾਂ ਨੇ ਡਾਕਟਰ ਜੋਸ਼ੀ ਨੂੰ ਅਰਪਿਤ ਕੀਤਾ ਸੀ। ਇਸ ਦੇ ਨਾਲ ਹੀ ਉਨ੍ਹਾਂ ਨੇ ਸੰਸਕ੍ਰਿਤ ਦੇ ਵੱਖ-ਵੱਖ ਗ੍ਰੰਥਾਂ ਦਾ ਵੀ ਅਧਿਐਨ ਕੀਤਾ ਸੀ।

3. **ਰਾਜ ਦੁਆਰਾ ਸਿੱਖਿਆ ਦਾ ਪ੍ਰਬੰਧ (Provision of education by the state):** ਉਨ੍ਹਾਂ ਅਨੁਸਾਰ ਸਿੱਖਿਆ ਦਾ ਪ੍ਰਬੰਧ ਰਾਜ ਦੁਆਰਾ ਕੀਤਾ ਜਾਣਾ ਚਾਹੀਦਾ ਹੈ ਅਤੇ ਭੇਦ-ਭਾਵ ਪੂਰਨ ਸਿੱਖਿਆ ਪ੍ਰਣਾਲੀ ਨੂੰ ਖਤਮ ਕਰਕੇ ਬਰਾਬਰਤਾ ਵਾਲੀ ਸਿੱਖਿਆ ਪ੍ਰਣਾਲੀ ਸਥਾਪਿਤ ਕੀਤੀ ਜਾਣੀ ਚਾਹੀਦੀ ਹੈ । ਉਨ੍ਹਾਂ ਅਨੁਸਾਰ ਔਰਤਾਂ ਅਤੇ ਮਰਦਾਂ ਨੂੰ ਬਰਾਬਰ ਸਿੱਖਿਆ ਦਾ ਹੱਕ ਹੋਣਾ ਚਾਹੀਦਾ ਹੈ। ਸਾਰੀ ਸਿੱਖਿਆ ਪ੍ਰਣਾਲੀ ਅਜਿਹੀ ਹੋਣੀ ਚਾਹੀਦੀ ਹੈ ਜੋ ਸਮਾਜਿਕ ਵਿਕਾਸ ਅਤੇ ਔਰਤਾਂ ਦੀ ਦਸ਼ਾ ਸੁਧਾਰਨ ਵਾਲੀ ਹੋਵੇ।

4. **ਜਾਤ-ਪਾਤ ਵਿੱਚ ਅਵਿਸ਼ਵਾਸ (Disbelief in caste system):** ਰਮਾਬਾਈ ਭਾਵੇਂ ਆਪ ਉੱਚ ਜਾਤੀ ਨਾਲ ਸਬੰਧਿਤ ਸਨ ਪਰ ਉਹ ਜਾਤ -ਪਾਤ ਵਿੱਚ ਵਿਸ਼ਵਾਸ ਨਹੀਂ ਰੱਖਦੇ ਸਨ । ਉਨ੍ਹਾਂ ਅਨੁਸਾਰ ਜਾਤੀ ਵਿਵਸਥਾ ਭਾਰਤ ਲਈ ਇੱਕ ਕੋ ਹੜ੍ਹ ਦਾ ਕੰਮ ਕਰਦੀ ਹੈ ਜੋ ਦਿਨੋਂ -ਦਿਨ ਇਸ ਨੂੰ ਖੋਖਲਾ ਕਰ ਰਹੀ ਹੈ । ਉਨ੍ਹਾਂ ਨੇ ਹਿੰਦੂਵਾਦੀ ਵਰਣ ਵਿਵਸਥਾ ਦਾ ਵੀ ਖੰਡਨ ਕੀਤਾ। ਉਨ੍ਹਾਂ ਅਨੁਸਾਰ ਜਨਮ ਤੋਂ ਮਨੁੱਖ, ਮਨੁੱਖ ਦੇ ਤੌਰ 'ਤੇ ਜਨਮ ਲੈਂਦਾ ਹੈ। ਫਿਰ ਉਹ ਉੱਚੀ ਜਾਂ ਨੀਵੀਂ ਜਾਤ ਦਾ ਕਿਵੇਂ ਹੋ ਸਕਦਾ ਹੈ ? ਇਸ ਕਰਕੇ ਉਹ ਜਾਤੀ ਪ੍ਰਥਾ ਦਾ ਖੰਡਨ ਕਰਦੇ ਹਨ।

5. **ਮਨੁੱਖੀ ਅਧਿਕਾਰਾਂ ਵਿੱਚ ਵਿਸ਼ਵਾਸ (Belief in human rights):** ਉਨ੍ਹਾਂ ਅਨੁਸਾਰ ਮਨੁੱਖ ਨੂੰ ਜਿਉਣ ਦੇ ਲਈ ਕੁਝ ਲੋੜੀਂਦੇ ਅਧਿਕਾਰ ਚਾਹੀਦੇ ਹਨ ਅਤੇ ਇਹ ਅਧਿਕਾਰ ਸਾਰਿਆਂ ਨੂੰ ਸਮਾਨ ਰੂਪ ਵਿੱਚ ਹਾਸਲ ਹੋਣੇ

**International Journal of Research in Social Sciences**
**Vol. 9, Issue 1, January - 2019,**
ISSN: 2249-2496 Impact Factor: 7.081
Journal Homepage: http://www.ijmra.us, Email: editorijmie@gmail.com
Double-Blind Peer Reviewed Refereed Open Access International Journal - Included in the International Serial Directories Indexed & Listed at: Ulrich's Periodicals Directory ©, U.S.A., Open J-Gate as well as in Cabell's Directories of Publishing Opportunities, U.S.A

ਚਾਹੀਦੇ ਹਨ। ਔਰਤ-ਮਰਦ, ਗ਼ਰੀਬ-ਅਮੀਰ, ਪੱਛੜੇ-ਉੱਨਤ ਸਾਰਿਆਂ ਨੂੰ ਬਰਾਬਰ ਅਧਿਕਾਰ ਹਾਸਲ ਹੋਣੇ ਚਾਹੀਦੇ ਹਨ। ਸਾਰਿਆਂ ਨੂੰ ਆਪਣੀ ਮਰਜ਼ੀ ਨਾਲ ਆਪਣੇ ਧਰਮ ਨੂੰ ਮੰਨਣ , ਪਾਠ-ਪੂਜਾ ਕਰਨ ਦੀ ਪੂਰਨ ਸੁਤੰਤਰਤਾ ਹੋਣੀ ਚਾਹੀਦੀ ਹੈ।

6. **ਔਰਤਾਂ ਨੂੰ ਬਰਾਬਰ ਅਧਿਕਾਰ (Equal human rights for women:** ਰਾਮਾਬਾਈ ਨੇ ਔਰਤਾਂ ਦੇ ਅਧਿਕਾਰਾਂ ਦੇ ਲਈ ਜ਼ਿੰਦਗੀ ਭਰ ਸੰਘਰਸ਼ ਕੀਤਾ । ਉਨ੍ਹਾਂ ਅਨੁਸਾਰ ਹਰ ਇੱਕ ਔਰਤ ਨੂੰ ਉਸ ਦੇ ਅਧਿਕਾਰ ਮਿਲਣੇ ਚਾਹੀਦੇ ਹਨ । ਉਸ ਸਮੇਂ ਦੇ ਹਿੰਦੂ ਸਮਾਜ ਵਿੱਚ ਔਰਤਾਂ ਦੀ ਦਸ਼ਾ ਬਹੁਤ ਖਰਾਬ ਸੀ । ਰਾਮਾਬਾਈ ਅਨੁਸਾਰ ਇਸ ਦਸ਼ਾ ਨੂੰ ਸੁਧਾਰਿਆ ਜਾਣਾ ਚਾਹੀਦਾ ਹੈ । ਔਰਤਾਂ ਨੂੰ ਸਿੱਖਿਅਤ ਕੀਤਾ ਜਾਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਜਾਗ੍ਰਿਤ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਨੂੰ ਵੀ ਬਰਾਬਰ ਅਧਿਕਾਰ ਹਾਸਲ ਹੋਣੇ ਚਾਹੀਦੇ ਹਨ। ਉਨ੍ਹਾਂ ਨੇ ਉਸ ਸਮੇਂ ਭਾਰਤੀ ਸਮਾਜ ਵਿੱਚ ਮੌਜੂਦ ਪਰਦਾ ਪ੍ਰਥਾ , ਬਾਲ ਵਿਆਹ ਅਤੇ ਵਿਧਵਾ ਵਿਆਹ 'ਤੇ ਰੋਕ ਜਿਹੀਆਂ ਬੁਰਾਈਆਂ ਨੂੰ ਦੂਰ ਕਰਨ ਦਾ ਯਤਨ ਕੀਤਾ।
7. **ਰਾਜ ਦਾ ਕੰਮ ਜਨਤਾ ਦੀ ਭਲਾਈ (The function of the state is to serve the public Welfare):** ਰਾਮਾਬਾਈ ਅਨੁਸਾਰ ਰਾਜ ਦਾ ਕੰਮ ਜਨਤਾ ਦੀ ਭਲਾਈ ਹੈ ।ਉਸ ਨੂੰ ਸਿੱਖਿਆ , ਸਿਹਤ ਅਤੇ ਹੋਰ ਜਨਤਕ ਖੇਤਰਾਂ ਦੇ ਵਿੱਚ ਜਨਤਾ ਦੀ ਭਲਾਈ ਦੇ ਲਈ ਕੰਮ ਕਰਨਾ ਚਾਹੀਦਾ ਹੈ ।ਭਾਵੇਂ ਕਿ ਭਾਰਤ ਉਸ ਸਮੇਂ ਅੰਗਰੇਜ਼ਾਂ ਦਾ ਗੁਲਾਮ ਸੀ ਫਿਰ ਵੀ ਉਨ੍ਹਾਂ ਦਾ ਮੰਨਣਾ ਸੀ ਕਿ ਭਾਰਤ ਦੇ ਲੋਕਾਂ ਦੀ ਭਲਾਈ ਦਾ ਕਾਰਜ ਕਰਨਾ ਬਰਤਾਨਵੀ ਹਕੂਮਤ ਦਾ ਕੰਮ ਹੈ ।
8. **ਔਰਤਾਂ ਦਾ ਸਸ਼ਕਤੀਕਰਨ (Women Empowerment):** ਪੰਡਿਤ ਰਾਮਾਬਾਈ ਨੇ ਆਪਣੇ ਪੂਰੇ ਜੀਵਨ ਦੌਰਾਨ ਔਰਤਾਂ ਦੇ ਸ਼ਕਤੀਕਰਨ ਦੇ ਲਈ ਅਨੇਕਾਂ ਕੰਮ ਕੀਤੇ । ਉਨ੍ਹਾਂ ਅਨੁਸਾਰ ਔਰਤਾਂ ਨੂੰ ਆਪਣੇ ਪੈਰਾਂ ਉੱਤੇ ਆਪ ਖੜ੍ਹੇ ਹੋਣਾ ਚਾਹੀਦਾ ਹੈ। ਖਾਸ ਤੌਰ 'ਤੇ ਉੱਤੇ ਹਿੰਦੂ ਧਰਮ ਦੇ ਬਣਾਏ ਗਏ ਮਿਥਿਹਾਸ ਤੋਂ ਬਚਣਾ ਚਾਹੀਦਾ ਹੈ। ਔਰਤਾਂ ਨੂੰ ਘਰਾਂ ਦੀਆਂ ਚਾਰ -ਦੀਵਾਰੀਆਂ ਤੋਂ ਬਾਹਰ ਆ ਕੇ ਬਰਾਬਰਤਾ ਦਾ ਹੱਕ ਹਾਸਲ ਕਰਨਾ ਚਾਹੀਦਾ। ਉਨ੍ਹਾਂ ਨੇ ਆਪਣੇ ਜੀਵਨ ਦੌਰਾਨ ਔਰਤਾਂ ਨੂੰ ਸਿੱਖਿਆ ਦੇ ਨਾਲ਼ ਜੋੜਿਆ ਅਤੇ ਸਿੱਖਿਆ ਨੂੰ ਆਪਣੀ ਬਰਾਬਰਤਾ ਦਾ ਸਾਧਨ ਦੱਸਿਆ।
9. **ਸਾਰੇ ਧਰਮਾਂ ਨੂੰ ਸਮਾਨਤਾ (Equality to all religions):** ਪੰਡਿਤ ਰਾਮਾਬਾਈ ਨੇ ਸਾਰੇ ਧਰਮਾਂ ਨੂੰ ਸਮਾਨ ਮੰਨਿਆ। ਉਨ੍ਹਾਂ ਅਨੁਸਾਰ ਧਰਮ ਵਿੱਚ ਜਿਹੜੇ ਫ਼ਾਲਤੂ ਦੇ ਅਡੰਬਰ ਹ ਨ ਉਨ੍ਹਾਂ ਤੋਂ ਦੂਰ ਰਹਿਣਾ ਚਾਹੀਦਾ ਹੈ ।

**International Journal of Research in Social Sciences**
**Vol. 9, Issue 1, January - 2019,**
ISSN: 2249-2496 Impact Factor: 7.081
Journal Homepage: http://www.ijmra.us, Email: editorijmie@gmail.com
Double-Blind Peer Reviewed Refereed Open Access International Journal - Included in the International Serial Directories Indexed & Listed at: Ulrich's Periodicals Directory ©, U.S.A., Open J-Gate as well as in Cabell's Directories of Publishing Opportunities, U.S.A

ਧਰਮ ਦਾ ਅਸਲੀ ਅਰਥ ਸਮਝਣਾ ਚਾਹੀਦਾ ਹੈ । ਇਸੇ ਲਈ ਉਨ੍ਹਾਂ ਨੇ ਹਿੰਦੂ ਧਰਮ ਨੂੰ ਛੱਡ ਕੇ ਇਸਾਈ ਧਰਮ ਅਪਣਾਇਆ ਸੀ। ਪਰ ਉੱਥੇ ਵੀ ਉਨ੍ਹਾਂ ਨੇ ਇਸਾਈ ਧਰਮ ਵਿੱਚ ਫਾਲਤੂ ਦੇ ਅਡੰਬਰਾਂ ਦੀ ਨਿੰਦਿਆਂ ਕੀਤੀ ਜੋ ਕਿ ਮਨੁੱਖ ਨੂੰ ਪਿਛਾਂਹ ਵੱਲ ਲੈ ਜਾਂਦੇ ਹਨ । ਉਨ੍ਹਾਂ ਅਨੁਸਾਰ ਧਰਮ ਮਨੁੱਖ ਦਾ ਨਿੱਜੀ ਮਾਮਲਾ ਹੈ ਅਤੇ ਉਸ ਦੇ ਨਿਜੀਤਵ ਤਕ ਹੀ ਉਸ ਨੂੰ ਰਹਿਣ ਦੇਣਾ ਚਾਹੀਦਾ ਹੈ । ਦੂਸਰੇ ਦੇ ਧਰਮ ਵਿਚ ਦਖ਼ਲਅੰਦਾਜ਼ੀ ਨਹੀਂ ਕਰਨੀ ਚਾਹੀਦੀ।

10. **ਔਰਤਾਂ ਰਾਸ਼ਟਰਨਿਰਮਾਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਸਕਦੀਆਂ ਹਨ (Women can play an important role in nation building):** ਉਨ੍ਹਾਂ ਅਨੁਸਾਰ ਜੇਕਰ ਔਰਤਾਂ ਨੂੰ ਮੌਕਾ ਦਿੱਤਾ ਜਾਵੇ ਤਾਂ ਉਹ ਮਰਦਾਂ ਦੇ ਨਾਲ ਬਰਾਬਰ ਭੂਮਿਕਾ ਨਿਭਾ ਸਕਦੀਆਂ ਹਨ ਅਤੇ ਰਾਸ਼ਟਰ ਨਿਰਮਾਣ ਵਿੱਚ ਮਹੱਤਵਪੂਰਨ ਭੂਮਿਕਾ ਅਦਾ ਕਰ ਸਕਦੀਆਂ ਹਨ ਕਿਉਂਕਿ ਅੱਧੀ ਆਬਾਦੀ ਨੂੰ ਪਿਛਾਂਹ ਰੱਖ ਕੇ ਕਦੇ ਵੀ ਰਾਸ਼ਟਰ ਨਿਰਮਾਣ ਨਹੀਂ ਕੀਤਾ ਜਾ ਸਕਦਾ ।

ਉਪਰੋਕਤ ਵਰਣਨ ਦੇ ਆਧਾਰ ਦੇ ਉੱਤੇ ਕਿਹਾ ਜਾ ਸਕਦਾ ਹੈ ਕਿ ਪੰਡਿਤਰਾਮਾ ਬਾਈ ਇੱਕ ਮਹਾਨ ਸਮਾਜ ਸੁਧਾਰਕ ਸੀ। ਔਰਤ ਹੁੰਦੇ ਹੋਏ ਵੀ ਉਨ੍ਹਾਂ ਨੇ ਉਹ ਕੰਮ ਕੀਤੇ ਜੋ ਇੱਕ ਮਰਦ ਪ੍ਰਧਾਨ ਦੇਸ਼ ਵਿੱਚ ਕਰਨੇ ਬਹੁਤ ਔਖੇ ਅਤੇ ਕਠਿਨ ਸਨ। ਉਨ੍ਹਾਂ ਨਾ ਸਿਰਫ ਔਰਤ ਦੀ ਦਸ਼ਾ ਸੁਧਾਰਨ ਵੱਲ ਮਹੱਤਵਪੂਰਨ ਕਦਮ ਚੁੱਕੇ ਸਗੋਂ ਔਰਤਾਂ ਨੂੰ ਸਿੱਖਿਅਤ ਅਤੇ ਜਾਗਰੂਕ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ । ਉਨ੍ਹਾਂ ਨੇ ਰਾਸ਼ਟਰੀ ਪੁਨਰ -ਜਾਗਰਣ ਵਿੱਚ ਮਹੱਤਵਪੂਰਨ ਯੋਗਦਾਨ ਦਿੱਤਾ। ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਉਹ ਇੱਕ ਮਹਾਨ ਸਮਾਜ ਸੁਧਾਰਕ ਸਨ।